aglasem.com

FOR HARYANA CLASS 12 PREPARATION

HBSE Class 12 Sample Paper 2027 Punjabi

EXAM	YEAR	TYPE	SUBJECT
Haryana Class 12	2027	Sample Paper	Punjabi

ਮਾਡਲ ਪ੍ਰਸ਼ਨ ਪੱਤਰ

ਜਮਾਤ : ਬਾਰ੍ਹਵੀਂ

ਵਿਸ਼ਾ : ਪੰਜਾਬੀ

ਕੋਡ : 532 **ਸੈਸ਼ਨ : 2026-27**

ਸਮਾਂ : ਤਿੰਨ ਘੰਟੇ **ਕੁੱਲ ਅੰਕ : 80**

ਪੇਪਰ : ਸਾਲਾਨਾ

ਨੋਟ : 1. ਸਾਰੇ ਪ੍ਰਸ਼ਨ ਜਰੂਰੀ ਹਨ

ਭਾਗ - (ੳ)

I. ਪ੍ਰਸ਼ਨ ਕੌਸ਼ਲ

1. ਹੇਠ ਲਿਖੀ ਵਾਰਤਾ ਨੂੰ ਪੜ੍ਹ ਕੇ ਉਸ ਤੋਂ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ - 3+2=5

ਨੈਪੋਲੀਅਨ ਕਹਿੰਦਾ ਹੁੰਦਾ ਸੀ, "ਮੈਨੂੰ ਇਕ ਪੜ੍ਹੀ-ਲਿਖੀ ਮਾਂ ਦਿਓ ਮੈਂ ਤੁਹਾਨੂੰ ਪੜ੍ਹੀ-ਲਿਖੀ ਕੌਮ ਦਿਆਂਗਾਂ।" ਇਨ੍ਹਾਂ ਸ਼ਬਦਾਂ ਤੋਂ ਸਾਨੂੰ ਕਿਸੇ ਸਮਾਜ ਜਾਂ ਕੌਮ ਦੀ ਉੱਨਤੀ ਤੇ ਤਾਕਤ ਲਈ ਇਸਤਰੀ ਦੇ ਪੜ੍ਹੀ-ਲਿਖੀ ਹੋਣ ਦੇ ਮਹੱਤਵ ਦਾ ਪਤਾ ਲਗਦਾਹੈ। ਸਾਡੇ ਆਲੇ-ਦੁਆਲੇ ਦੇ ਸਮਾਜ ਜਾਂ ਕੌਮ ਦੀ ਹੋਂਦ ਮਰਦਾਂ ਤੇ ਇਸਤਰੀਆਂ ਦੀ ਹੋਂਦ ਨਾਲ ਹੀ ਸੰਭਵ ਹੈ। ਇਸ ਦੀ ਉਸਾਰੀ ਵਿਚ ਮਰਦ ਅਤੇ ਇਸਤਰੀਆਂ ਮਿਲ ਕੇ ਹਿੱਸਾ ਪਾਉਂਦੇ ਹਨ। ਇਸੇ ਕਰਕੇ ਸਾਡੇ ਦੇਸ਼ ਤੇ ਦੁਨੀਆਂ ਦੇ ਹੋਰ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿਚ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿੱਤੇ ਗਏ ਹਨ, ਜਿਸ ਅਨੁਸਾਰ ਇਸਤਰੀਆਂ ਨੂੰ ਵੋਟ ਦੇਣ, ਵਿੱਦਿਆ ਪ੍ਰਾਪਤ ਕਰਨ ਤੇ ਹੋਰ ਹਰ ਪ੍ਰਕਾਰ ਦੇ ਖੇਤਰ ਵਿਚ ਮਰਦ ਦੇ ਬਰਾਬਰ ਵਿਚਰਣ ਦੇ ਅਧਿਕਾਰ ਦਿੱਤੇ ਗਏ ਹਨ, ਤਾਂ ਜੋ ਇਸਤਰੀ ਪੁਰਾਤਨ ਮਾਨਤਾਵਾਂ ਅਤੇ ਪਰੰਪਰਾਵਾਂ ਅਨੁਸਾਰ ਘਰ ਦੀ ਚਾਰ-ਦਿਵਾਰੀ ਅੰਦਰ ਬੰਦ ਹੋ ਕੇ ਮਰਦ ਦੀ ਮਰਜ਼ੀ ਅਨੁਸਾਰ ਚਲਦੀ ਹੋਈ ਕੇਵਲ ਰਸੋਈ ਅਤੇ ਬੱਚੇ ਪਾਲਣ ਦਾ ਕੰਮ ਹੀ ਨਾ ਕਰਦੀ ਰਹੇ, ਸਗੋਂ ਉਸਨੂੰ ਆਪਣੀ ਯੋਗਤਾਵਾਂ ਨੂੰ ਨਿਖ਼ਾਰ ਕੇ ਵੱਖ-ਵੱਖ ਖੇਤਰਾਂ ਵਿਚ ਮਰਦ ਦੇ ਬਰਾਬਰ ਉੱਚ ਅਹੁਦੇ ਪ੍ਰਾਪਤ ਕਰਕੇ ਪੂਰੀ ਸੁਤੰਤਰਤਾ ਤੇ ਖੁਲ੍ਹ-ਡੁਲ੍ਹ ਨਾਲ ਵਿਚਰਦੀ ਹੋਈ ਆਪਣੀ ਸ਼ਖ਼ਸੀਅਤ ਦਾ ਸਿੱਕਾ ਜਮਾ ਸਕੇ।

(i) ਉਪਰੋਕਤ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ।

(ii) ਇਸ ਪੈਰ੍ਹੇ ਦਾ ਸਿਰਲੇਖ ਲਿਖੋ।

2. (i) ਤੁਸੀਂ ਵੇਰਕਾ ਮਿਲਕ-ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ। ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿਤ ਨੇੜਲੇ ਵੇਰਕਾ ਮਿਲਕ ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ।

ਜਾਂ **5**

(ii) ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤ ਜੀਵਨ-ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ।

3. ਕਿਸੇ ਇੱਥ ਵਿਸ਼ੇ 'ਤੇ 100 ਤੋਂ 150 ਸ਼ਬਦਾਂ ਵਿੱਚ ਪੈਰਾ ਰਚਨਾ ਕਰੋ - **5**

(i) ਸਾਈਕਲ ਦੀ ਵਰਤੋਂ

(ii) ਨੈਤਿਕ ਕਦਰਾਂ-ਕੀਮਤਾਂ

(iii) ਡਿਕਸ਼ਨਰੀ ਦੀ ਵਰਤੋਂ

4. A. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ - **4x1=4**

(i) ਉਹ ਸੁੰਦਰ ਅਤੇ ਸੁਚੱਜੀ ਹੈ।	(ਸੰਜੁਕਤ ਵਾਕ ਬਣਾਓ)
(ii) ਕਿਸੇ ਨਾਲ ਕੌੜਾ ਨਾ ਬੋਲੋ।	(ਹਾਂ-ਵਾਚਕ ਵਾਕ ਬਣਾਓ)
(iii) ਕੋਈ ਸੋਹਣਾ ਜਿਹਾ ਗੀਤ ਸੁਣਾਓ।	(ਪ੍ਰਸ਼ਨ-ਵਾਚਕ ਵਾਕ ਬਣਾਓ)
(iv) ਉਹ ਵਾਪਿਸ ਨਹੀਂ ਪਰਤੇਗਾ।	(ਕਰਮਣੀ-ਵਾਚਕ ਵਾਕ ਬਣਾਓ)
(v) ਆਹ! ਮੇਰੀ ਨੌਕਰੀ ਲੱਗ ਗਈ ਹੈ।	(ਸਾਧਾਰਨ ਵਾਕ ਬਣਾਓ)

B. ਠੀਕ ਉੱਤਰ ਚੁਣੋ - **1x3=3**

(i) ਸਰਿਤਾ ਤੇ ਨੀਲਮ ਸਹੇਲੀਆਂ ਹਨ।

(a) ਸਰਿਤਾ ਤੇ ਨੀਲਮ ਸਹੇਲੀਆਂ ਬਣ ਗਈਆਂ

(b) ਸਰਿਤਾ ਨੀਲਮ ਦੀ ਸਹੇਲੀ ਹੈ ਅਤੇ ਨੀਲਮ ਸਰਿਤਾ ਦੀ।

(c) ਸਰਿਤਾ ਨੀਲਮ ਦੀ ਸਹੇਲੀ ਹੈ ਕਿਉਂਕਿ ਨੀਲਮ ਸਰਿਤਾ ਦੀ ਸਹੇਲੀ ਹੈ।

(d) ਸਰਿਤਾ ਤੇ ਨੀਲਮ ਇੱਕ-ਦੂਜੇ ਦੀਆਂ ਸਹੇਲੀਆਂ ਹਨ।

(ii) ਉਸ ਨੇ ਖਾਣਾ ਖਾਧਾ ਅਤੇ ਸੌ ਗਿਆ।

(a) ਉਹ ਖਾਣਾ ਖਾ ਕੇ ਸੌ ਗਿਆ।

(b) ਖਾਣਾ ਖਾਓ ਅਤੇ ਸੌਂ ਜਾਓ।

(c) ਉਸ ਨੇ ਸਮੇਂ ਸਿਰ ਖਾਣਾ ਖਾਧਾ ਅਤੇ ਸੌਂ ਗਿਆ।

(d) ਉਹ ਖਾਣਾ ਖਾ ਕੇ ਸੌਂ ਜਾਂਦਾ ਹੈ।

(iii) 'ਕੁਲਜੀਤ ਕੋਈ ਕੰਮ ਨਹੀਂ ਕਰਦਾ।' ਵਾਕ ਕਿਸ ਕਿਸਮ ਦਾ ਹੈ?

(a) ਸੰਯੁਕਤ ਵਾਕ

(b) ਹਾਂ-ਵਾਚਕ ਵਾਕ

(c) ਨਾਂਹ-ਵਾਚਕ ਵਾਕ

(d) ਪ੍ਰਸ਼ਨ-ਵਾਚਕ ਵਾਕ

5. ਅਖਾਣ/ਅਖਾਉਂਤਾ

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ ਕਿਸੇ ਚਾਰ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ - **2x4=8**

(i) ਇੱਕ ਚੁੱਪ ਤੇ ਸੌ ਸੁੱਖ

(ii) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

(iii) ਨਵਾਂ ਨੌ ਦਿਨ ਪੁਰਾਣਾ ਸੌ ਦਿਨ

(iv) ਇਕ ਅਨਾਰ ਸੌ ਬਿਮਾਰ

(v) ਮੇਰੀ ਬਿੱਲੀ ਮੈਨੂੰ ਮਿਆਉਂ

ਭਾਗ - (ਅ)

6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ - **3x1=3**

(i) ਸੁਹਣੀ ਨੇ ਅਸਮਾਨ ਖੜੋ ਕੇ,
ਧਰਤੀ ਵੱਲ ਤਕਾ ਕੇ।
ਇਹ ਮੁੱਠੀ ਖੋਲ੍ਹੀ ਤੇ ਸੁੱਟਿਆ,
ਸਭ ਕੁਝ ਹੇਠ ਤਕਾ ਕੇ।

ਜਿਸ ਥਾਂਵੇਂ ਧਰਤੀ 'ਤੇ ਆ ਕੇ,

ਇਹ ਮੁੱਠ ਡਿੱਗੀ ਸਾਰੀ।

ਓਸ ਥਾਂਉਂ 'ਕਸ਼ਮੀਰ' ਬਣ ਗਿਆ

ਟੁਕੜੀ ਜੱਗ ਤੋਂ ਨਯਾਰੀ।

ਜਾਂ

ਹੋ ਗਿਆ ਕੁਵੇਲਾ ਮੈਨੂੰ,

ਢਲ਼ ਗਈਆਂ ਛਾਵਾਂ ਨੀਂ।

ਬੇਲਿਆਂ 'ਚੋਂ ਮੁੜ ਆਈਆਂ,

ਮੱਝੀਆਂ ਤੇ ਗਾਵਾਂ ਨੀਂ।

ਪਾਇਆ ਚਿੜੀਆਂ ਨੇ ਚੀਕ-ਚਿਹਾੜਾ।

ਨੀ ਪੀੜਾਂ ਦਾ ਪਰਾਗਾ ਭੁੰਨ ਦੇ,

ਭੱਠੀ ਵਾਲੀਏ।

ਤੈਨੂੰ ਦਿਆਂ ਹੰਝੂਆਂ ਦਾ ਭਾੜਾ,

ਨੀਂ ਦੁੱਖਾਂ ਦਾ ਪਰਾਗਾ ਭੁੰਨ ਦੇ,

ਭੱਠੀ ਵਾਲੀਏ।

7. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ - **3**

(i) ਤਾਜ ਮਹਲ

(ii) ਚੁੰਮ-ਚੁੰਮ ਰੱਖੇ

(iii) ਮੇਰਾ ਬਚਪਨ

8. ਹੇਠ ਲਿਖੇ ਬਹੁ-ਵਿਕਲਪੀ / ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ - **1x5=5**

(i) 'ਰਮਜ਼' ਦਾ ਕੀ ਅਰਥ ਹੈ?

(A) ਗੱਲ (B) ਬਾਤ

(C) ਭੇਤ/ਰਹੱਸ (D) ਰਸਿਕ

(ii) 'ਵਾਰਸ ਸ਼ਾਹ' ਕਵਿਤਾ ਕਿਸ ਦੀ ਰਚਨਾ ਹੈ?

(A) ਅੰਮ੍ਰਿਤਾ ਪ੍ਰੀਤਮ (B) ਸ਼ਿਵ ਕੁਮਾਰ

(C) ਪ੍ਰੋ. ਮੋਹਨ ਸਿੰਘ (D) ਭਾਈ ਵੀਰ ਸਿੰਘ

(iii) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ਼ ਸ਼ਾਹ' ਵਿਚ ਕਿਹੜੇ ਸਾਲ ਦਾ ਦੁਖਾਂਤਕ ਚਿਤਰਨ ਹੈ?

(A) 1857 ਦਾ (B) 1947 ਦਾ

(C) 1964 ਦਾ (D) 1914 ਦਾ

(iv) 'ਚੁੰਮ-ਚੁੰਮ ਰੱਖੇ' ਨਾਂ ਦਾ ਗੀਤ ਕਿਸ ਕਵੀ ਦਾ ਹੈ,

(v) 'ਮੇਰਾ ਬਚਪਨ' ਕਵਿਤਾ ਵਿਚ ਕਿਸ ਰਿਸ਼ਤੇ ਦੀ ਗੈਰ ਹਾਜ਼ਰੀ ਕਾਰਨ ਬੱਚੇ ਦਾ ਬਚਪਨ ਰੁੱਲ੍ਹ ਜਾਂਦਾ ਹੈ?

9. ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿਚ ਲਿਖੋ - 2x3=6

(i) 'ਚੁੰਮ-ਚੁੰਮ ਰੱਖੇ' ਨਾਂ ਦਾ ਗੀਤ ਵਿਚ ਕਿਸ ਦੀ ਕੁਰਬਾਨੀ ਦਾ ਜ਼ਿਕਰ ਹੈ?

(ii) ਅੰਮ੍ਰਿਤਾ ਪ੍ਰੀਤਮ ਵਾਰਸ਼ ਸ਼ਾਹ ਨੂੰ 'ਦਰਦਮੰਦਾਂ ਦਿਆ ਦਰਦੀਆ' ਕਿਉਂ ਕਹਿੰਦੀ ਹੈ?

(iii) 'ਮੇਰਾ ਬਚਪਨ' ਕਵਿਤਾ ਵਿਚ ਕਿਸ ਦਾ ਬਚਪਨ ਨਹੀਂ ਆਇਆ?

(iv) ਕਵੀ (ਸ਼ਿਵ ਕੁਮਾਰ ਬਟਾਲਵੀ) ਆਪਣੇ ਦੁੱਖਾਂ ਦਾ ਪਰਾਗਾ ਭੁਨਾ ਕੇ ਕਿੱਥੇ ਜਾਣਾ ਚਾਹੁੰਦਾ ਹੈ?

10. ਹੇਠ ਲਿਖੀ ਕਹਾਣੀਆਂ ਵਿਚੋਂ ਕਿਸੇ ਇਕ ਦਾ ਸਾਰ 100-120 ਸ਼ਬਦਾਂ ਵਿਚ ਲਿਖੋ - 3

(i) ਨੀਲੀ

(ii) ਮਾੜਾ ਬੰਦਾ

11. ਹੇਠ ਲਿਖੇ ਕਿਸੇ ਇਕ ਪਾਤਰ ਦਾ ਪਾਤਰ-ਚਿਤਰਨ ਕਰੋ - 3

(i) ਪ੍ਰੋ. ਐਮ. ਐੱਲ. ਮਲ੍ਹੋਤਰਾ (ਸਾਂਝ)

(ii) ਜੀਤੋ (ਘਰ ਜਾ ਆਪਣੇ)

12. ਹੇਠ ਲਿਖੇ ਬਹੁ ਵਿਕਲਪੀ / ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ - 1x5=5

(i) ਲਾਲ ਚੀਰੇ ਵਾਲਾ ਕਿਹੜੀ ਕਹਾਣੀ ਦਾ ਪਾਤਰ ਹੈ?

(A) ਨੀਲੀ (B) ਸਾਂਝ

(C) ਮਾੜਾ ਬੰਦਾ (D) ਘਰ ਜਾ ਆਪਣੇ

(ii) ਨੀਲੀ ਕਹਾਣੀ ਦਾ ਲੇਖਕ ਕੌਣ ਹੈ?

(A) ਸੁਜਾਨ ਸਿੰਘ (B) ਕੁਲਵੰਤ ਸਿੰਘ ਵਿਰਕ

(C) ਕਰਤਾਰ ਸਿੰਘ ਦੁੱਗਲ (D) ਗੁਲਜ਼ਾਰ ਸਿੰਘ ਸੰਧੂ

(iii) ਰਿਕਸ਼ੇ ਵਾਲੇ ਨੇ ਲੇਖਕ ਦੀ ਪਤਨੀ ਤੋਂ ਦੋ ਰੁਪਏ ਦੀ ਥਾਂ ਕਿੰਨੇ ਰੁਪਏ ਮੰਗੇ?

(A) ਢਾਈ ਰੁਪਏ (B) ਸਾਢੇ ਤਿੰਨ ਰੁਪਏ

(C) ਤਿੰਨ ਰੁਪਏ (D) ਚਾਰ ਰੁਪਏ

(iv) ਜੀਤੋ ਦੇ ਵੱਡੇ ਵੀਰ ਦੇ ਸੁਭਾਅ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ?

(v) ਨੀਲੀ ਕਿਸ ਦਾ ਨਾਂ ਹੈ?

13. ਹੇਠ ਲਿਖੇ ਪ੍ਰਸ਼ਨਾਂ ਵਿੱਚ ਕਿਸੇ ਤਿੰਨ ਦੇ ਉੱਤਰ 20-25 ਸ਼ਬਦਾਂ ਵਿਚ ਲਿਖੋ? **2x3=6**

(i) ਨੀਲੀ ਦੀ ਵੱਛੀ ਕਿਵੇਂ ਮਰ ਗਈ ਸੀ?

(ii) 'ਸਾਂਝ' ਕਹਾਣੀ ਅਨੁਸਾਰ ਜੇਠ ਦੀ ਧੁੱਪ ਕਾਰਨ ਸੜਕ ਦੀ ਹਾਲਤ ਕਿਹੋ ਜਿਹੀ ਸੀ?

(iii) 'ਘਰ ਜਾ ਆਪਣੇ' ਦਾ ਕੇਂਦਰੀ ਉਦੇਸ਼ ਕੀ ਹੈ?

(iv) 'ਮਾੜਾ ਬੰਦਾ' ਕਹਾਣੀ ਰਾਹੀਂ ਲੇਖਕ ਕੀ ਸਿੱਖਿਆ ਦੇਣੀ ਚਾਹੁੰਦਾ ਹੈ?

14. ਹੇਠ ਲਿਖੇ ਬਹੁ ਵਿਕਲਪੀ / ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖੋ - **1x4=4**

(i) ਹਰੀ ਕ੍ਰਾਂਤੀ ਭਾਰਤ ਦੇ ਕਿਸ ਸੂਬੇ/ਪ੍ਰਾਂਤ ਵਿੱਚ ਆਈ?

(A) ਉੜੀਸਾ ਵਿਚ (B) ਅਸਾਮ ਵਿਚ

(C) ਪੰਜਾਬ ਵਿਚ (D) ਪੱਛਮੀ ਬੰਗਾਲ ਵਿਚ

(ii) ਹੋਲੇ ਮਹੱਲੇ ਦਾ ਸੰਬੰਧ ਕਿਸ ਸਥਾਨ/ਸ਼ਹਿਰ ਨਾਲ ਹੈ?

(A) ਚਮਕੌਰ ਸਾਹਿਬ ਨਾਲ (B) ਅਨੰਦਪੁਰ ਸਾਹਿਬ ਨਾਲ

(C) ਪਟਨਾ ਸਾਹਿਬ ਨਾਲ (D) ਫ਼ਤਿਹਗੜ੍ਹ ਸਾਹਿਬ ਨਾਲ

(iii) ਪੰਜਾਬੀਆਂ ਦੀ ਰਾਸ਼ਟਰੀ ਖੇਡ ਕਿਹੜੀ ਹੈ?

(A) ਖਿੱਦੋ-ਖੂੰਡੀ (B) ਸੱਕਰ ਭਿੱਜੀ

(C) ਬਾਂਦਰ-ਕੀਲਾ (D) ਕਬੱਡੀ

(iv) ਇਕ ਨਵੰਬਰ, 1966 ਨੂੰ ਪੰਜਾਬ ਦੇ ਕਿੰਨੇ ਹਿੱਸਿਆਂ ਵਿਚ ਵੰਡ ਹੋਈ?

15. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ - **3x4=12**

(i) ਵੱਖ-ਵੱਖ ਕਾਲਾਂ ਵਿਚ ਪੰਜਾਬ ਕਿਹੜੇ-ਕਿਹੜੇ ਨਾਂਵਾਂ ਨਾਲ ਜਾਣਿਆ ਜਾਂਦਾ ਰਿਹਾ ਹੈ?

(ii) ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਬਾਰੇ ਤੁਸੀਂ ਕੀ ਜਾਣਦੇ ਹੋ?

(iii) ਧੀਆਂ ਪ੍ਰਤਿ ਸਾਡੇ ਦ੍ਰਿਸ਼ਟੀਕੋਣ ਵਿੱਚ ਕਿਉਂ ਤਬਦੀਲੀ ਆ ਰਹੀ ਹੈ?

(iv) ਖਿਡਾਰੀਆਂ ਵਿੱਚ ਕਿਹੜੇ ਗੁਣ ਹੁੰਦੇ ਹਨ?

(v) ਲੋਕ-ਨਾਚ ਭੰਗੜੇ ਤੋਂ ਜਾਣੂ ਕਰਵਾਓ।